California ਦੀਆਂ ਡਿਸਟ੍ਰਿਕਟਾਂ ਦੇ ਮੁੜ-ਵਿਭਾਜਨ ਸਬੰਧੀ ਮੂਲ ਗੱਲ੍ਹਾਂ

WeDrawTheLinesCA.org

ਯਾਦਦਹਾਨੀ—ਅੱਜ ਕੋਈ ਜਨਤਕ ਰਾਇ ਨਹੀਂ ਲਿੱਤੀ ਜਾਏਗੀ

California ਦੇ ਸਰਕਾਰੀ ਕੋਡ ਦੀ ਧਾਰਾ 8253(a)(3) ਦੇ ਅਨੁਸਾਰ--ਕਮਿਸ਼ਨ ਦੇ ਮੈਂਬਰ ਅਤੇ ਸਟਾਫ਼ ਕਿਸੇ ਜਨਤਕ ਸੁਣਵਾਈ ਤੋਂ ਬਾਹਰ ਦੇ ਕਿਸੇ ਵਿਅਕਤੀ ਤੋਂ ਵੀ ਡਿਸਟ੍ਰਿਕਟ ਦੇ ਮੁੜ ਵਿਭਾਜਨ ਦੇ ਮਾਮਲਿਆਂ ਬਾਰੇ ਗੱਲਬਾਤ ਨਹੀਂ ਕਰ ਸਕਦੇ ਜਾਂ ਪ੍ਰਾਪਤ ਨਹੀਂ ਕਰ ਸਕਦੇ। ਇਸ ਲਈ, ਕਮਿਸ਼ਨ ਇਹਨਾਂ ਵਿਦਿਅਕ ਪੇਸ਼ਕਾਰੀਆਂ ਦੌਰਾਨ ਕੋਈ ਜਨਤਕ ਰਾਇ ਨਹੀਂ ਲਵੇਗਾ।

ਜਨਤਕ ਰਾਇ ਪ੍ਰਦਾਨ ਕਰਨ ਲਈ, ਕਮਿਸ਼ਨ ਦੀ ਵੈੱਬਸਾਈਟ 'ਤੇ ਜਾਓ: WeDrawTheLinesCA.org.

ਡਿਸਟ੍ਰਿਕਟਾਂ ਦਾ ਮੁੜ-ਵਿਭਾਜਨ ਕੀ ਹੁੰਦਾ ਹੈ?

ਨਵੀਂਆਂ ਸੀਮਾਵਾਂ ਦਾ ਨਿਰਮਾਣ ਕਰਨਾ ਜੋ ਇਹ ਨਿਰਧਾਰਤ ਕਰਦਾ ਹੈ ਕਿ ਕਿਹੜੇ California ਨਿਵਾਸੀਆਂ ਦੀ ਹਰੇਕ ਚੋਣ ਡਿਸਟ੍ਰਿਕਟ ਦੁਆਰਾ ਨੁਮਾਇੰਦਗੀ ਕੀਤੀ ਜਾਂਦੀ ਹੈ।



ਅਸੀਂ ਡਿਸਟ੍ਰਿਕਟ ਦੇ ਨਕਸ਼ੇ ਨੂੰ ਦੁਬਾਰਾ ਕਿਉਂ ਬਣਾਈਏ?

- ਭਾਈਚਾਰੇ ਬਦਲਦੇ ਹਨ।
- ਲੋਕ ਪੈਦਾ ਹੁੰਦੇ, ਮਰਦੇ ਅਤੇ ਜਗ੍ਹਾਂ ਬਦਲ ਲੈਂਦੇ ਹਨ।
- ਭਾਈਚਾਰੇ ਵੱਧਦੇ ਅਤੇ ਘੱਟਦੇ ਹਨ।
- ਉਹ ਖੇਤਰ ਜਿੱਥੇ ਕਦੀ ਲਗਭਗ ਸਮਾਨ ਸੰਖਿਆਂ ਵਿੱਚ ਲੋਕ ਹੁੰਦੇ ਸਨ ਉਹ ਅਸਮਾਨ ਹੋ ਜਾਂਦੇ ਹਨ।

ਤੁਹਾਡੀ ਰਾਇ

- ਡਿਸਟ੍ਰਿਕਟਾਂ ਦਾ ਮੁੜ-ਵਿਭਾਜਨ ਮਹੱਤਵਪੂਰਨ ਕਿਉਂ ਹੈ?
- ਤੁਹਾਨੂੰ ਇਸ ਵਿੱਚ ਸ਼ਾਮਲ ਕਿਉਂ ਹੋਣਾ ਚਾਹੀਦਾ ਹੈ?
- ਇਸ ਪ੍ਰਕਿਰਿਆ ਵਿੱਚ ਤੁਹਾਡੀ ਭੂਮਿਕਾ

ਭਾਈਚਾਰਿਆਂ ਨੂੰ ਰਾਜਨੀਤਿਕ ਸ਼ਕਤੀ ਤੋਂ ਬਾਹਰ ਰੱਖਣ ਲਈ ਕਈ ਵਾਰ ਮੁੜ ਵਿਭਾਜਨ ਦੀ ਵਰਤੋਂ ਕੀਤੀ ਜਾਂਦੀ ਹੈ। ਆਉਣ ਵਾਲੀ ਮੁੜ ਵਿਭਾਜਨ ਪ੍ਰਕਿਰਿਆ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਅਤੇ ਨਿਗਰਾਨੀ ਕਰਨ ਨਾਲ, ਵਧੇਰੇ ਭਾਈਚਾਰਿਆਂ ਨੂੰ ਆਪਣੀ ਪਸੰਦ ਦੇ ਉਮੀਦਵਾਰ ਚੁਣਨ ਦਾ ਵਧੀਆ ਮੌਕਾ ਮਿਲ ਸਕਦਾ ਹੈ ਜੋ ਉਨ੍ਹਾਂ ਦੀਆਂ ਜ਼ਰੂਰਤਾਂ ਅਤੇ ਹਿੱਤਾਂ ਲਈ ਆਵਾਜ਼ ਉਠਾਉਣ।

Your Voice
Your Choice

WE DRAW THE LINES CA

ਮੁੜ ਵਿਭਾਜਨ ਤੁਹਾਨੂੰ ਕਿਵੇਂ ਪਰਭਾਵਿਤ ਕਰਦਾ ਹੈ

ਲੋਕਾਂ ਦੇ ਹੱਥ ਸ਼ਕਤੀ

ਤੁਹਾਡੀਆਂ ਸਮੱਸਿਆਵਾਂ ਦਾ ਹੱਲ ਕੱਢਣਾ

ਫੰਡਿੰਗ ਪ੍ਰਾਥਮਿਕਤਾ



ਭਾਈਚਾਰਕ ਸੀਮਾਵਾਂ

WE DRAW THE LINES CA

ਉੱਚਿਤ ਨੁਮਾਇੰਦਗੀ ਦੀ ਸ਼ੁਰੂਆਤ

- **ਮਰਦਮਸ਼ੁਮਾਰੀ—**ਹਰ ਦਸ ਸਾਲਾਂ ਬਾਅਦ ਪੂਰੇ ਅਮਰੀਕਾ ਦੀ ਆਬਾਦੀ ਗਿਣੀ ਜਾਂਦੀ ਹੈ, ਅਤੇ ਰਾਜਾਂ ਅਤੇ ਜ਼ਿਲ੍ਹਿਆਂ ਵਿੱਚ ਆਬਾਦੀ ਵਿੱਚ ਤਬਦੀਲੀ ਲਈ ਨਵੇਂ ਨਕਸ਼ਿਆਂ ਨੂੰ ਬਣਾਉਣ ਲਈ ਇਨ੍ਹਾਂ ਅੰਕੜਿਆਂ ਦੀ ਵਰਤੋਂ ਕੀਤੀ ਜਾਂਦੀ ਹੈ।
- **ਦੁਬਾਰਾ ਵਿਭਾਜਨ—**ਰਾਜਾਂ ਦਰਮਿਆਨ ਹਾਊਸ ਸੀਟਾਂ ਦੀ ਸੰਘੀ ਤੌਰ ਤੇ ਦੁਬਾਰਾ ਵੰਡ, ਇਹ ਯਕੀਨੀ ਬਣਾਉਣ ਲਈ ਹਰੇਕ ਰਾਸ਼ਟਰੀ ਮਰਦਮਸ਼ੁਮਾਰੀ ਤੋਂ ਬਾਅਦ ਕੀਤੀ ਜਾਂਦੀ ਹੈ ਤਾਂ ਜੋ ਰਾਜਾਂ ਦੁਆਰਾ ਉਨ੍ਹਾਂ ਦੀ ਆਬਾਦੀ ਦੇ ਅਕਾਰ ਦੇ ਅਨੁਪਾਤ ਅਨੁਸਾਰ ਸੀਟਾਂ ਰੱਖੀਆਂ ਜਾਂਦੀਆਂ ਹਨ।
- **ਮੁੜ ਵਿਭਾਜਨ—**ਨਵੀਂਆਂ ਸੀਮਾਵਾਂ ਦਾ ਨਿਰਮਾਣ ਕਰਨਾ ਜੋ ਇਹ ਨਿਰਧਾਰਤ ਕਰਦਾ ਹੈ ਕਿ ਕਿਹੜੇ California ਨਿਵਾਸੀਆਂ ਦੀ ਹਰੇਕ ਚੋਣ ਡਿਸਟ੍ਰਿਕਟ ਦੁਆਰਾ ਨੁਮਾਇੰਦਗੀ ਕੀਤੀ ਜਾਂਦੀ ਹੈ।
- **ਉੱਚਿਤ ਨੁਮਾਇੰਦਗੀ—**ਇਤਿਹਾਸਕ ਤੌਰ 'ਤੇ, ਵਿਧਾਇਕਾਂ ਨੇ ਨਕਸ਼ੇ ਖਿੱਚੇ ਹਨ ਜਿਸ ਨਾਲ ਉਨ੍ਹਾਂ ਨੂੰ ਆਪਣੇ ਨੁਮਾਇੰਦੇ ਚੁਣਨ ਦੀ ਸਮਰੱਥਾ ਹਾਸਿਲ ਹੋਵੇ ਬਜਾਏ ਕਿ ਮਤਦਾਤਾਵਾਂ ਨੂੰ ਆਪਣੇ ਨੁਮਾਇੰਦੇ ਚੁਣਨ ਦੀ ਇਜਾਜ਼ਤ ਦਿੱਤੀ ਜਾਏ। ਇਸ ਸਾਬਕਾ ਪ੍ਰਣਾਲੀ ਨੇ ਉੱਚਿਤ ਨੁਮਾਇੰਦਗੀ ਦੀ ਧਾਰਣਾ ਨੂੰ ਕਮਜ਼ੋਰ ਕੀਤਾ, ਜਿਸਦਾ ਉਦੇਸ਼ ਲੋਕਾਂ ਨੂੰ ਆਪਣੇ ਨੁਮਾਇੰਦੇ ਚੁਣਨ ਦੀ ਸ਼ਕਤੀ ਦੇਣਾ ਹੈ।

WE DRAW THE LINES CA

ਡਿਸਟ੍ਰਿਕਟ ਦਾ ਸੁਤੰਤਰ ਮੁੜ ਵਿਭਾਜਨ ਮਾਇਨੇ ਕਿਉਂ ਰੱਖਦਾ ਹੈ



ਕ੍ਰਮਵਾਰ 6 ਲਾਈਨ ਡਰਾਇੰਗ ਮਾਪਦੰਡ

ਇਸ ਕਮਿਸ਼ਨ ਲਈ, ਡਿਸਟ੍ਰਿਕਟ ਦੇ ਨਕਸ਼ੇ ਉਲੀਕਣ ਵੇਲੇ, ਇਹਨਾਂ ਤੈਅ ਕੀਤੇ ਗਏ ਮਾਪਦੰਡਾਂ ਦੀ ਇਸੇ ਕ੍ਰਮ ਵਿੱਚ ਪਾਲਣਾ ਕਰਨਾ ਲਾਜ਼ਮੀ ਹੈ:

1 Equal Population

Districts must be of equal population to comply with the US Constitution.

2 Voting Rights Act

Districts must comply with the Voting Rights Act to ensure that minorities have an equal opportunity to elect representatives of their choice.

3 Contiguity

Districts must be drawn so that all parts of the district are connected to each other.

4 Communities of Interest

Districts must minimize the division of cities, counties, neighborhoods, and communities of interest to the extent possible

5 Geographically Compact

Districts should be geographically compact such that nearby areas of population are not bypassed for more distant populations. This requirement refers to density, not shape.

6 Nesting Districts

Where practicable each Senate District should be comprised of two complete and adjacent Assembly Districts and Board of Equalization districts shall be composed of 10 complete and adjacent State Senate Districts.

ਇਸ ਤੋਂ ਇਲਾਵਾ, ਨਕਸ਼ੇ ਬਣਾਉਣ ਲੱਗਿਆਂ ਕਿਸੇ ਪਦਧਾਰੀ ਜਾਂ ਰਾਜਨੀਤਿਕ ਉਮੀਦਵਾਰ ਦੇ ਨਿਵਾਸ ਨੂੰ ਧਿਆਨ ਵਿੱਚ ਨਹੀਂ ਰੱਖਿਆ ਜਾਣਾ ਚਾਹੀਦਾ, ਅਤੇ ਡਿਸਟ੍ਰਿਕਟ ਦੀਆਂ ਸੀਮਾਵਾਂ ਨੂੰ ਕਿਸੇ ਪਦਧਾਰੀ, ਰਾਜਨੀਤਿਕ ਉਮੀਦਵਾਰ, ਜਾਂ ਰਾਜਨੀਤਿਕ ਪਾਰਟੀ ਨੂੰ ਲਾਭ ਪਹੁੰਚਾਉਣ ਜਾਂ ਉਹਨਾਂ ਖਿਲਾਫ਼ ਪੱਖਪਾਤ ਕਰਨ ਦੇ ਉਦੇਸ਼ ਨਾਲ ਨਹੀਂ ਉਲੀਕਿਆ ਜਾਣਾ ਚਾਹੀਦਾ।

WE DRAW THE LINES CA

ਵੱਖ-ਵੱਖ ਡਿਸਟ੍ਰਿਕਟ ਦੀਆਂ ਮੁੜ ਵਿਭਾਜਨ ਸਬੰਧੀ ਕੋਸ਼ਿਸ਼ਾਂ

ਰਾਜ—ਕਾਂਗ੍ਰੇਸ਼ਨਲ, ਸਟੇਟ ਸੀਨੇਟ, ਸਟੇਟ ਅਸੈਂਬਲੀ, ਅਤੇ ਬੋਰਡ ਔਫ਼ ਇਕੁਲਾਈਜ਼ੇਸ਼ਨ

ਕਾਉਂਟੀਆਂ—58 ਕਾਉਂਟੀਆਂ, ਕੁਝ ਦੀ ਆਪਣੀ ਖੁਦ ਦੀ ਪ੍ਰਕਿਰਿਆ ਹੈ।

ਸ਼ਹਿਰ—482 ਸ਼ਹਿਰ, ਕੁਝ ਦੀ ਆਪਣੀ ਖੁਦ ਦੀ ਪ੍ਰਕਿਰਿਆ ਹੈ।

ਸਕੂਲ ਡਿਸਟ੍ਰਿਕਟ—1037 ਸਕੂਲ ਡਿਸਟ੍ਰਿਕਟ, ਕੁਝ ਦੀ ਆਪਣੀ ਖੁਦ ਦੀ ਪ੍ਰਕਿਰਿਆ ਹੈ।

ਹੋਰ ਡਿਸਟ੍ਰਿਕਟ ਦੀਆਂ ਮੁੜ ਵਿਭਾਜਨ ਸਬੰਧੀ ਕੋਸ਼ਿਸ਼ਾਂ—ਪਾਣੀ ਡਿਸਟ੍ਰਿਕਟ, ਕਮਿਉਨਿਟੀ ਕਾਲਜ ਡਿਸਟ੍ਰਿਕਟ, ਵਗੈਰਾ।

ਇਤਿਹਾਸ

- **2010 ਤੋਂ ਪਹਿਲਾਂ**—ਵਿਧਾਇਕਾਂ ਨੇ ਲਾਈਨਾਂ ਖਿੱਚੀਆਂ, ਜਾਂ ਅਦਾਲਤ ਨੇ ਅਜਿਹਾ ਕੀਤਾ ਜੇ ਵਿਧਾਨ ਸਭਾ ਇਸ ਫ਼ਰਜ਼ ਨੂੰ ਸਹੀ ਢੰਗ ਨਾਲ ਨਿਭਾਉਣ ਵਿੱਚ ਅਸਫਲ ਰਹੀ
- **ਪ੍ਰਸਤਾਵ 11 (2008)**—ਮਤਦਾਤਾ ਸਭ ਤੋਂ ਪਹਿਲਾਂ ਐਕਟ/ਅਸੀਂ ਸਟੇਟ ਸੀਨੇਟ, ਸਟੇਟ ਅਸੈਂਬਲੀ, ਅਤੇ ਬੋਰਡ ਔਫ਼ ਇਕੁਲਾਈਜ਼ੇਸ਼ਨ (ਸਮਤਾ ਬੋਰਡ) ਲਈ ਸੀਮਾਵਾਂ ਦਾ ਨਿਰਮਾਣ ਕਰਦੇ ਹਾਂ
- **ਪ੍ਰਸਤਾਵ 20 (2010)**—ਕਾਂਗ੍ਰੇਸ਼ਨਲ ਡਿਸਟ੍ਰਿਕਟਾਂ ਨੂੰ ਜੋੜਿਆ ਗਿਆ
- **2010 ਮੁੜ ਵਿਭਾਜਨ ਕਮੀਸ਼ਨ**
- **2020 ਮੁੜ ਵਿਭਾਜਨ ਕਮੀਸ਼ਨ**
- **ਸੁਤੰਤਰ ਕਮਿਸ਼ਨਾਂ ਵਾਲੇ ਹੋਰ ਰਾਜ**—ਐਰੀਜ਼ੋਨਾ, ਕੋਲੋਰਾਡੋ, ਆਈਡਹੋ, ਮਿਸ਼ੀਗਨ, ਮੌਂਟੈਨਾ ਅਤੇ ਵਾਸ਼ਿੰਗਟਨ ਸੀਮਾਵਾਂ ਖਿੱਚਣ ਲਈ ਸੁਤੰਤਰ ਕਮਿਸ਼ਨਾਂ ਦੀ ਵਰਤੋਂ ਕਰਦੇ ਹਨ।

ਕਮਿਸ਼ਨਰ ਦੀ ਚੋਣ

- ਕਮਿਸ਼ਨਰ ਪੱਦ ਲਈ ਐਪਲੀਕੇਸ਼ਨਾਂ (20,000 ਤੋਂ ਵੱਧ ਬਿਨੈਕਾਰ)
- ਪੂਰਕ ਐਪਲੀਕੇਸ਼ਨਾਂ (2,000)
- ਇੰਟਰਵਿਊ / ਸਕ੍ਰੀਨਿੰਗ ਪ੍ਰਕਿਰਿਆ (120 ਬਿਨੈਕਾਰ)
- ਬਿਨੈਕਾਰ ਪੂਲ ਨੂੰ ਵਿਧਾਨ ਸਭਾ ਵਿੱਚ ਭੇਜਿਆ ਗਿਆ (60 ਬਿਨੈਕਾਰ)
- ਵਿਧਾਨ ਸਭਾ ਦੁਆਰਾ ਨਾਮ ਕੱਟਣਾ (ਹਰੇਕ ਪਾਰਟੀ ਦੁਆਰਾ 12 ਨਾਮ ਕੱਟੇ ਗਏ)
- ਲੌਟਰੀ ਸਿਸਟਮ: ਪਹਿਲੇ 8
- ਅੰਤਮ 6 ਚੋਣਾਂ



ਅਸੀਂ ਕੌਣ ਹਾਂ

2020 ਕਮਿਸ਼ਨਰ: 14 ਮੈਂਬਰ

•**Isra Ahmad**, San Jose, ਕੋਈ ਪਾਰਟੀ ਪਸੰਦਗੀ ਨਹੀਂ	•**Sara Sadhwani**, La Cañada Flintridge, ਡੈਮੋਕ੍ਰੈਟ
•**Linda Akutagawa**, Huntington Beach, ਕੋਈ ਪਾਰਟੀ ਪਸੰਦਗੀ ਨਹੀਂ	•**Patricia S. Sinay**, Encinitas, ਡੈਮੋਕ੍ਰੈਟ
•**Jane Andersen**, Berkeley, ਰੀਪਬਲਿਕਨ	•**Derric Taylor**, Los Angeles, ਰੀਪਬਲਿਕਨ
•**Alicia Fernández**, Clarksburg, ਰੀਪਬਲਿਕਨ	•**Pedro Toledo**, Petaluma, ਕੋਈ ਪਾਰਟੀ ਪਸੰਦਗੀ ਨਹੀਂ
•**Neal Fornaciari**, Tracy, ਰੀਪਬਲਿਕਨ	•**Trena Turner**, Stockton, ਡੈਮੋਕ੍ਰੈਟ
•**J. Ray Kennedy**, Morongo Valley, ਡੈਮੋਕ੍ਰੈਟ	•**Angela Vázquez**, Los Angeles, ਡੈਮੋਕ੍ਰੈਟ
•**Antonio Le Mons**, Studio City, ਕੋਈ ਪਾਰਟੀ ਪਸੰਦਗੀ ਨਹੀਂ	•**Russell Yee**, Oakland, ਰੀਪਬਲਿਕਨ

ਕਮਿਸ਼ਨਰ ਦੇ ਫ਼ਰਜ਼

- **ਭਾਈਚਾਰੇ ਤੱਕ ਪਹੁੰਚ/ ਜਨਤਕ ਰਾਇ ਲਈ ਮੀਟਿੰਗਾਂ**
  - ਜਨਤਾ ਨੂੰ ਸ਼ਾਮਲ ਕਰਨਾ
  - ਭਾਈਚਾਰੇ ਦੀ ਰਾਇ ਇਕੱਠੀ ਕਰਨਾ
  - ਜਨਤਾ ਦੀ ਗਵਾਹੀ ਸੁਣਨਾ

- **ਨਕਸ਼ੇ ਬਣਾਉਣੇ--**ਕਾਂਗਰਸ (52), ਸੈਨੇਟ (40), ਅਸੈਂਬਲੀ (80), ਅਤੇ ਬੋਰਡ ਔਫ਼ ਇਕੁਲਾਈਜ਼ੇਸ਼ਨ (4) ਲਈ ਡਰਾਫਟ ਅਤੇ ਅੰਤਮ ਨਕਸ਼ੇ

ਉਦਾਹਰਣ: SACRAMENTO



ਕਾਂਗਰਸ

(700,000 ਲੋਕ)

ਸੈਨੇਟ

(931,000 ਲੋਕ)

ਅਸੈਂਬਲੀ

(466,000 ਲੋਕ)

ਬੋਰਡ ਔਫ਼ ਇਕੁਲਾਈਜ਼ੇਸ਼ਨ

(9 ਮਿਲਿਅਨ ਲੋਕ)

ਜ਼ੋਨ ਤੱਕ ਪਹੁੰਚਣਾ

ਜ਼ੋਨ	ਕਾਉਂਟੀਆਂ	ਕਮਿਸ਼ਨਰ
A	Del Norte, Humboldt County, Mendocino, Lake, Napa, Sonoma, Trinity	ਕਮਿਸ਼ਨਰ Toledo ਕਮਿਸ਼ਨਰ Taylor
B	Butte, Colusa, Glenn, Lassen, Modoc, Plumas, Shasta, Siskiyou, Tehama	ਕਮਿਸ਼ਨਰ Sinay ਕਮਿਸ਼ਨਰ Yee
C	Alameda, Contra Costa, Marin, San Francisco, San Mateo, Santa Clara, Solano	ਕਮਿਸ਼ਨਰ Yee ਕਮਿਸ਼ਨਰ Toledo
D	El Dorado, Nevada, Placer, Sacramento, Sierra, Sutter, Yolo, Yuba	ਕਮਿਸ਼ਨਰ Fernandez ਕਮਿਸ਼ਨਰ LeMons
E	Monterey, San Benito, San Luis, Obispo, Santa Barbara, Santa Cruz, Ventura	ਕਮਿਸ਼ਨਰ Fornaciari ਕਮਿਸ਼ਨਰ Kennedy
F	Fresno, Kern, Kings, Madera, Merced, San Joaquin, Stanislaus, Tulare	ਕਮਿਸ਼ਨਰ Turner ਕਮਿਸ਼ਨਰ Vazquez
G	Alpine, Amador, Calaveras, Inyo, Mariposa, Mono, Tuolumne	ਕਮਿਸ਼ਨਰ Andersen ਕਮਿਸ਼ਨਰ Akutagawa
H	Los Angeles	ਕਮਿਸ਼ਨਰ Taylor ਕਮਿਸ਼ਨਰ Ahmad
I	Riverside, San Bernardino	ਕਮਿਸ਼ਨਰ Kennedy ਕਮਿਸ਼ਨਰ LeMons
J	Orange	ਕਮਿਸ਼ਨਰ Akutagawa ਕਮਿਸ਼ਨਰ Sadhwani
K	Imperial, San Diego	ਕਮਿਸ਼ਨਰ Sinay ਕਮਿਸ਼ਨਰ Ahmad

WE DRAW THE LINES CA

ਸਮਾਨ ਹਿੱਤਾਂ ਵਾਲੇ ਭਾਈਚਾਰੇ (COI)

- **ਸਮਾਨ ਹਿੱਤਾਂ ਵਾਲੇ ਭਾਈਚਾਰੇ (Communities of Interest, COI)**--'ਸਮਾਨ ਹਿੱਤਾਂ ਵਾਲੇ ਭਾਈਚਾਰੇ' ਨੂੰ ਅਜਿਹੀ ਜਨ-ਸੰਖਿਆ ਵਜੋਂ ਮੰਨਿਆ ਜਾਂਦਾ ਹੈ ਜਿਨ੍ਹਾਂ ਦੀਆਂ ਸਮਾਜਿਕ ਅਤੇ ਆਰਥਿਕ ਦਿਲਚਸਪੀਆਂ ਸਾਂਝੀਆਂ ਹੁੰਦੀਆਂ ਹਨ ਅਤੇ ਜਿਨ੍ਹਾਂ ਨੂੰ ਇਹਨਾਂ ਦੀ ਸਹੀ ਅਤੇ ਪ੍ਰਭਾਵਸ਼ਾਲੀ ਪ੍ਰਤੀਨਿਧਤਾ ਦੇ ਉਦੇਸ਼ਾਂ ਲਈ ਇੱਕ ਡਿਸਟ੍ਰਿਕਟ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।
- ਉਦਾਹਰਨਾਂ ਵਿੱਚ ਸ਼ਾਮਲ ਹਨ, ਸਭਿਆਚਾਰ, ਉਹ ਖੇਤਰ ਜਿਨ੍ਹਾਂ ਵਿੱਚ ਲੋਕ ਇਕੋ ਜਿਹੇ ਜੀਵਨ ਪੱਧਰ ਨੂੰ ਸਾਂਝਾ ਕਰਦੇ ਹਨ, ਇਕੋ ਆਵਾਜਾਈ ਦੀਆਂ ਸਹੂਲਤਾਂ ਦੀ ਵਰਤੋਂ ਕਰਦੇ ਹਨ, ਕੰਮ ਦੇ ਸਮਾਨ ਅਵਸਰ ਪ੍ਰਾਪਤ ਕਰਦੇ ਹਨ, ਜਾਂ ਇੱਕੋ ਮੀਡੀਆ ਤਕ ਪਹੁੰਚ ਪ੍ਰਾਪਤ ਕਰਦੇ ਹਨ।
- ਲੋਕ ਦਿਲਚਸਪੀ ਦੇ ਕਈ ਸਮੂਹਾਂ ਨਾਲ ਸਬੰਧਤ ਹੋ ਸਕਦੇ ਹਨ।
- ਸਮਾਨ ਹਿੱਤਾਂ ਵਾਲੇ ਭਾਈਚਾਰੇ ਇਕ ਜ਼ਿਲ੍ਹੇ ਵਾਂਗ ਨਹੀਂ ਹੁੰਦੇ ਹਨ, ਬਲਕਿ ਜ਼ਿਲ੍ਹਿਆਂ ਦੇ ਮੁੱਖ ਨਿਰਮਾਣ ਬਲੌਕ ਹਨ।

ਆਪਣੇ ਭਾਈਚਾਰਿਆਂ ਨੂੰ ਪਾਰਿਭਾਸ਼ਿਤ ਕਰਨਾ

- ਹਿੱਤਾਂ ਵਾਲੇ ਭਾਈਚਾਰਿਆਂ ਨੂੰ ਨਕਸ਼ੇ ਬਣਾ ਕੇ ਅਤੇ ਆਪਣੇ ਭਾਈਚਾਰੇ ਬਾਰੇ ਦੱਸ ਕੇ ਦੱਸਿਆ ਜਾ ਸਕਦਾ ਹੈ।
- **ਮੌਖਿਕ ਗਵਾਹੀ**—ਨਿੱਜੀ ਕਹਾਣੀਆਂ ਇਤਿਹਾਸਕ ਪ੍ਰਸੰਗ ਪ੍ਰਦਾਨ ਕਰਨ ਨਾਲ ਸ਼ਕਤੀਸ਼ਾਲੀ ਹੁੰਦੀਆਂ ਹਨ।
- **ਲਿਖਤੀ ਗਵਾਹੀ**—ਇੱਕ ਲਿਖਤੀ ਵੇਰਵਾ ਤੁਹਾਡੇ ਭਾਈਚਾਰੇ ਦੀ ਕਹਾਣੀ ਦੱਸਣ ਲਈ ਵਰਤਿਆ ਜਾ ਸਕਦਾ ਹੈ।
- **ਭਾਈਚਾਰਕ ਮੁੱਦੇ**— ਅਕਸਰ ਭਾਈਚਾਰੇ ਮੁੜ-ਸੀਮਾਵਾਂ ਦੀ ਵੰਡ ਵਿੱਚ ਸ਼ਾਮਲ ਹੁੰਦੇ ਹਨ ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਮਸਲਿਆਂ ਨੂੰ ਉਨ੍ਹਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੁਆਰਾ ਉਚਿਤ ਤੌਰ ਤੇ ਹੱਲ ਨਹੀਂ ਕੀਤਾ ਗਿਆ ਹੈ। ਕੀ ਅਜਿਹੇ ਕੋਈ ਮੁੱਦੇ ਹਨ ਜਿੰਨਾਂ 'ਤੇ ਸਮਾਨ ਹਿੱਤਾਂ ਵਾਲੇ ਭਾਈਚਾਰੇ ਧਿਆਨ ਕੇਂਦਰਤ ਕਰਦੇ ਹਨ?
- **ਸੀਮਾ ਵਾਲੇ ਨਕਸ਼ੇ**—ਆਪਣੇ ਆਸ-ਪੜੋਸ ਜਾਂ ਖੇਤਰ ਦਾ ਨਕਸ਼ਾ ਬਣਾਓ।

ਪ੍ਰਕਿਰਿਆ ਵਿੱਚ ਹਿੱਸਾ ਲੈਣਾ

1

ਵੇਰਵਾ ਦਿਓ
ਤੁਹਾਡਾ ਭਾਈਚਾਰਾ

2

ਬਣਾਓ
ਇੱਕ ਨਕਸ਼ੇ 'ਤੇ ਆਪਣਾ ਭਾਈਚਾਰਾ

3

ਭੇਜੋ
ਆਪਣੀ ਗਵਾਹੀ ਸਿੱਧੇ ਕਮਿਸ਼ਨ ਨੂੰ

ਆਪਣੀ ਰਾਇ ਅੱਜ ਹੀ ਇੱਥੇ ਪ੍ਰਦਾਨ ਕਰੋ:

DrawMyCACommunity.org

WE DRAW THE LINES CA

ਜਨਤਕ ਰਾਇ ਪ੍ਰਦਾਨ ਕਰਨ ਦੇ ਤਰੀਕੇ

- **ਸਮਾਨ ਹਿੱਤਾਂ ਵਾਲੇ ਭਾਈਚਾਰੇ (COI) ਮੈਪਿੰਗ ਟੂਲ:** DrawMyCACommunity.org
  - ਪਹਿਲਾਂ ਤੋਂ ਭੁਗਤਾਨ ਕੀਤੇ ਡਾਕ ਟਿਕਟ ਦੇ ਨਾਲ ਕਾਗਜ਼ੀ ਰੂਪ ਵਿੱਚ ਵੀ ਉਪਲਬਧ ਹੋਵੇਗਾ।
- **ਸਾਡੀ ਵੈੱਬਸਾਈਟ 'ਤੇ:** www.WeDrawTheLinesCA.org, ਅਤੇ "Draw My CA Community" 'ਤੇ ਕਲਿੱਕ ਕਰੋ
- **ਈਮੇਲ ਰਾਹੀਂ:** VotersFirstAct@crc.ca.gov
- **ਫ਼ੋਨ ਰਾਹੀਂ:** (916) 323-0323
- **ਡਾਕ ਰਾਹੀਂ:** California Citizens Redistricting Commission
  721 Capitol Mall, Suite 260
  Sacramento, CA 95814

COI ਟੂਲ ਅੰਗਰੇਜ਼ੀ, ਸਪੈਨਿਸ਼, ਸਰਲੀਕ੍ਰਿਤ ਚੀਨੀ, ਰਵਾਇਤੀ ਚੀਨੀ, ਵਿਅਤਨਾਮੀ, ਟੈਗਾਲੋਗ, ਕੋਰੀਅਨ, ਅਰਮੀਨੀਆਈ, ਫਾਰਸੀ, ਅਰਬੀ, ਰੂਸੀ, ਜਾਪਾਨੀ, ਪੰਜਾਬੀ ਅਤੇ ਖਮੇਰ ਵਿੱਚ ਉਪਲੱਬਧ ਹੈ। ਉਨ੍ਹਾਂ ਭਾਸ਼ਾਵਾਂ ਵਿੱਚ ਟਯੂਟੋਰਿਅਲ ਵੀ ਉਪਲੱਬਧ ਹਨ।



ਭਾਸ਼ਾ ਸਬੰਧੀ ਪਹੁੰਚ

- ਸਮੱਗਰੀ ਦਾ ਅਨੁਵਾਦ: ਤੱਥ ਸ਼ੀਟ, ਫਲਾਇਰ, ਅਕਸਰ ਪੁੱਛੇ ਜਾਂਦੇ ਸਵਾਲ, California ਦੇ ਡਿਸਟ੍ਰਿਕਟਾਂ ਦੇ ਮੁੜ-ਵਿਭਾਜਨ ਸਬੰਧੀ ਮੂਲ ਗੱਲ੍ਹਾਂ ਦੀ ਪ੍ਰਸਤੁਤੀ
  - ਭਾਸ਼ਾਵਾਂ — ਸਪੈਨਿਸ਼, ਸਰਲੀਕ੍ਰਿਤ ਚੀਨੀ, ਰਵਾਇਤੀ ਚੀਨੀ, ਵਿਅਤਨਾਮੀ, ਟੈਗਾਲੋਗ, ਕੋਰੀਅਨ, ਅਰਮੀਨੀਆਈ, ਫਾਰਸੀ, ਅਰਬੀ, ਰੂਸੀ, ਜਾਪਾਨੀ, ਪੰਜਾਬੀ ਅਤੇ ਖਮੇਰ।
- CRC ਕਾਰੋਬਾਰੀ ਮੀਟਿੰਗਾਂ ਵਿਚ ਜਨਤਕ ਟਿੱਪਣੀ ਦੀ ਵਿਆਖਿਆ ਪੰਜ ਦਿਨਾਂ ਦੀ ਅਗਾਉਂ ਨੋਟਿਸ ਪ੍ਰਦਾਨ ਕੀਤੀ ਜਾ ਸਕਦੀ ਹੈ।
- ਲਿਖਤੀ ਪਬਲਿਕ ਇਨਪੁਟ CRC ਨੂੰ ਕਿਸੇ ਵੀ ਫਾਰਮੈਟ ਵਿੱਚ ਭੇਜਿਆ ਜਾ ਸਕਦਾ ਹੈ ਅਤੇ ਇਸਦਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਜਾਵੇਗਾ।
- ਕਮਿਸ਼ਨ COI ਟੂਲ ਤੋਂ ਗੈਰ-ਅੰਗਰੇਜ਼ੀ ਭਾਸ਼ਾ ਦੇ ਇਨਪੁਟਸ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰੇਗਾ।
- ਜੇ ਤੁਹਾਨੂੰ ਕਿਸੇ ਮੁਲਾਕਾਤ ਦੌਰਾਨ ਰਾਇ ਪ੍ਰਦਾਨ ਕਰਨ ਲਈ ਕਿਸੇ ਦੁਭਾਸ਼ੀਏ ਦੀ ਲੋੜ ਹੁੰਦੀ ਹੈ, ਤਾਂ ਅਸੀਂ ਤੁਹਾਨੂੰ ਕਹਾਂਗੇ ਕਿ ਤੁਸੀਂ ਦੁਭਾਸ਼ੀਏ ਦੀਆਂ ਸੇਵਾਵਾਂ ਲਈ ਬੇਨਤੀ ਕਰਨ ਲਈ ਇੱਕ ਮੀਟਿੰਗ ਤੋਂ ਪੰਜ ਦਿਨ ਪਹਿਲਾਂ ਕਮਿਸ਼ਨ ਨੂੰ ਸੂਚਿਤ ਕਰੋ। ਕਮਿਸ਼ਨ ਮੰਗੀ ਗਈ ਭਾਸ਼ਾ ਵਿੱਚ ਕਿਸੇ ਦੁਭਾਸ਼ੀਏ ਨਾਲ ਅਨੁਬੰਧ ਕਰਨ ਦੀ ਕੋਸ਼ਿਸ਼ ਕਰੇਗਾ।

California ਸੁਪਰੀਮ ਕੋਰਟ ਦਾ ਫੈਸਲਾ

California ਦਾ ਵਿਧਾਨ ਬਨਾਮ Alex Padilla S262530 17 ਜੁਲਾਈ, 2020

California ਦੇ ਸੁਪਰੀਮ ਕੋਰਟ ਨੇ 17 ਜੁਲਾਈ, 2020 ਨੂੰ ਇਹ ਫੈਸਲਾ ਸੁਣਾਇਆ ਹੈ ਕਿ ਕਮਿਸ਼ਨ ਕੋਲ ਆਪਣੇ ਨਕਸ਼ਿਆਂ ਨੂੰ California ਸੈਕ੍ਰੇਟਰੀ ਆਫ ਸਟੇਟ ਕੋਲ ਸਪੁਰਦ ਕਰਨ ਲਈ 15 ਦਸੰਬਰ 2021 ਤੱਕ ਦਾ ਸਮਾਂ ਹੈ ਅਤੇ ਇਸਦਾ ਕਾਰਨ ਹੈ ਜਨ-ਗਣਨਾ ਦੇ ਨਤੀਜੇ ਆਉਣ ਵਿੱਚ ਹੋਣ ਵਾਲੀ ਸੰਭਾਵਿਤ ਦੇਰੀ। ਜੇ ਜਨਗਣਨਾ ਦੇ ਨਤੀਜੇ 31 ਜੁਲਾਈ, 2021 ਤੋਂ ਬਾਅਦ ਪ੍ਰਾਪਤ ਹੋ ਜਾਂਦੇ ਹਨ, ਤਾਂ ਕਮਿਸ਼ਨ ਦੀ ਅੰਤਮ ਤਾਰੀਖ ਉਸ ਅਨੁਸਾਰ ਵਿਵਸਥਿਤ ਕੀਤੀ ਜਾਏਗੀ।

ਸਮਾਂ-ਸੀਮਾ

- **ਫਰਵਰੀ-ਮਈ, 2021**: ਸਿੱਖਿਆ ਪ੍ਰਸਤੁਤੀਆਂ (California ਦੀਆਂ ਡਿਸਟ੍ਰਿਕਟਾਂ ਦੇ ਮੁੜ-ਵਿਭਾਜਨ ਸਬੰਧੀ ਮੂਲ ਗੱਲ੍ਹਾਂ)
- **ਜੂਨ-ਅਗਸਤ, 2021**: ਜਨਤਕ ਰਾਇ ਲਈ ਮੀਟਿੰਗਾਂ (COI)
- **15-30 ਅਗਸਤ, 2021:** ਜਨਗਣਨਾ ਡੇਟਾ ਰਾਜ ਤੱਕ ਪਹੁੰਚਣ ਦੀ ਉਮੀਦ
- **ਸਤੰਬਰ 30-ਅਕਤੂਬਰ 31, 2021:** ਜਨਗਣਨਾ ਡੇਟਾ ਕਮਿਸ਼ਨ ਤੱਕ ਪਹੁੰਚਣ ਦੀ ਉਮੀਦ
- **ਅਕਤੂਬਰ-ਦਸੰਬਰ 2021**: ਜਨਤਕ ਰਾਇ ਲਈ ਮੀਟਿੰਗਾਂ/ਲਾਈਨ ਡਰਾਇੰਗ ਸੈਸ਼ਨ

(ਪੂਰਵ ਜ਼ਿਲ੍ਹਾ ਨਕਸ਼ੇ)

- **ਨਵੰਬਰ-ਦਸੰਬਰ, 2021**: ਡਰਾਫਟ ਜ਼ਿਲ੍ਹਾ ਨਕਸ਼ੇ ਜਾਰੀ ਕੀਤੇ ਜਾਣਗੇ
- **ਦਸੰਬਰ, 2021-ਜਨਵਰੀ, 2022**: ਜਨਤਕ ਰਾਇ ਲਈ ਮੀਟਿੰਗਾਂ/ਲਾਈਨ ਡਰਾਇੰਗ ਸੈਸ਼ਨ
- **ਦਸੰਬਰ, 2021-ਫਰਵਰੀ, 2022:** ਡਰਾਫਟ ਜ਼ਿਲ੍ਹਾ ਨਕਸ਼ੇ ਜਾਰੀ ਕੀਤੇ ਜਾਣਗੇ
- **ਦਸੰਬਰ, 2021-ਫਰਵਰੀ, 2022**: ਰਾਜ ਦੇ ਸਕੱਤਰ ਨੂੰ ਅੰਤਮ ਜ਼ਿਲ੍ਹਾ ਨਕਸ਼ੇ



ਯਾਦਦਹਾਨੀ—ਅੱਜ ਕੋਈ ਜਨਤਕ ਰਾਇ ਨਹੀਂ ਲਿੱਤੀ ਜਾਏਗੀ

California ਦੇ ਸਰਕਾਰੀ ਕੋਡ ਦੀ ਧਾਰਾ 8253(a)(3) ਦੇ ਅਨੁਸਾਰ--ਕਮਿਸ਼ਨ ਦੇ ਮੈਂਬਰ ਅਤੇ ਸਟਾਫ਼ ਕਿਸੇ ਜਨਤਕ ਸੁਣਵਾਈ ਤੋਂ ਬਾਹਰ ਦੇ ਕਿਸੇ ਵਿਅਕਤੀ ਤੋਂ ਵੀ ਮੁੜ ਵਿਭਾਜਨ ਦੇ ਮਾਮਲਿਆਂ ਬਾਰੇ ਗੱਲਬਾਤ ਨਹੀਂ ਕਰ ਸਕਦੇ ਜਾਂ ਪ੍ਰਾਪਤ ਨਹੀਂ ਕਰ ਸਕਦੇ। ਇਸ ਲਈ, ਕਮਿਸ਼ਨ ਇਹਨਾਂ ਵਿਦਿਅਕ ਪੇਸ਼ਕਾਰੀਆਂ ਦੌਰਾਨ ਕੋਈ ਜਨਤਕ ਰਾਇ ਨਹੀਂ ਲਵੇਗਾ।

ਜਨਤਕ ਰਾਇ ਪ੍ਰਦਾਨ ਕਰਨ ਲਈ, ਕਮਿਸ਼ਨ ਦੀ ਵੈੱਬਸਾਈਟ 'ਤੇ ਜਾਓ: WeDrawTheLinesCA.org.

ਸਾਡੇ ਨਾਲ ਸੰਪਰਕ ਕਰੋ

ਇੱਕ ਜਾਣਕਾਰੀ ਵਾਲਾ ਸੈਸ਼ਨ ਦੀ ਬੇਨਤੀ ਕਰਨ ਲਈ, ਕਿਰਪਾ ਕਰਕੇ ਕਮਿਸ਼ਨ ਨਾਲ ਸੰਪਰਕ ਕਰੋ।

California Citizens Redistricting Commission
721 Capitol Mall, Suite 260
Sacramento, CA 95814
(916) 323-0323
Marcy.Kaplan@crc.ca.gov

ਕਮਿਸ਼ਨ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਜਾਓ:
WeDrawTheLinesCA.org

ਸੋਸ਼ਲ ਮੀਡੀਆ ਹੈਂਡਲ: @WeDrawTheLinesCA